# ਪੰਜਾਬ ਸਕੂਲ ਸਿੱਖਿਆ ਬੋਰਡ

## ਮੁੜ ਮੁਲਾਂਕਣ(Re-evaluation) ਸਬੰਧੀ ਵਿਨਿਯਮ ਅਤੇ ਹਦਾਇਤਾਂ

1. ਮੁੜ ਮੁਲਾਂਕਣ (Re-evaluation) ਕੇਵਲ ਲਿਖਤੀ ਪੇਪਰਾਂ (Theory Papers) ਦਾ ਹੋਵੇਗਾ ਅਤੇ ਪ੍ਰਯੋਗੀ ਪੇਪਰਾਂ(Practical Papers) ਦਾ ਮੁੜ ਮੁਲਾਂਕਣ ਨਹੀਂ ਹੋਵੇਗਾ ।
2. ਬੋਰਡ ਵੱਲੋਂ ਨਤੀਜਾ ਘੋਸ਼ਿਤ ਕੀਤੇ ਜਾਣ ਤੋਂ ਬਾਅਦ, ਮੁੜ ਮੁਲਾਂਕਣ ਦੀ ਫੀਸ ਅਤੇ ਫਾਰਮ ਕੇਵਲ ਆਨਲਾਈਨ ਭਰਿਆ ਜਾਵੇ। ਪ੍ਰੀਖਿਆਰਥੀ ਆਨ-ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਉਸ ਦਾ ਪ੍ਰਿੰਟ ਆਪਣੇ ਕੋਲ ਰੱਖੇਗਾ। ਜਾਰੀ ਕੀਤੇ ਸ਼ਡਿਊਲ ਵਿੱਚ ਦਰਜ ਮਿਤੀਆਂ ਤੋਂ ਬਾਅਦ ਕੋਈ ਵੀ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ।
3. ਨਿਰਧਾਰਿਤ ਕੀਤੀ ਮੁੜ ਮੁਲਾਂਕਣ ਦੀ ਫੀਸ ਤੋਂ ਬਿਨਾਂ/ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਭਾਵ ਅਜਿਹੇ ਅਧੂਰੇ ਫਾਰਮ ਬਿਨਾਂ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। ਮੁੜ ਮੁਲਾਂਕਣ ਦੀ ਜਮ੍ਹਾਂ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ /ਐਡਜਸਟ (Refund/Adjust) ਨਹੀਂ ਹੋਵੇਗੀ।

| | |
|---|---|
| ਮੁੜ ਮੁਲਾਂਕਣ(Re-evaluation) ਫੀਸ | 1000/-ਰੁ: ਪ੍ਰਤੀ ਉੱਤਰ ਪੱਤਰੀ |

4. ਮੁੜ ਮੁਲਾਂਕਣ(Re-evaluation) ਕੀਤੀਆਂ ਉੱਤਰ ਪੱਤਰੀਆਂ ਦੇ ਨਤੀਜੇ ਵਿੱਚ ਸੋਧ ਕੀਤੀ ਜਾਵੇਗੀ, ਭਾਵ ਜੇ ਅੰਕ ਵੱਧ ਜਾਂਦੇ ਹਨ ਤਾਂ ਵੱਧੇ ਅੰਕਾਂ ਅਨੁਸਾਰ, ਜੇ ਅੰਕ ਘੱਟ ਜਾਂਦੇ ਹਨ ਤਾਂ ਘੱਟੇ ਅੰਕਾਂ ਅਨੁਸਾਰ ਨਤੀਜਾ ਸੋਧਿਆ ਜਾਵੇਗਾ। ਮੁੜ ਮੁਲਾਂਕਣ ਉਪਰੰਤ ਘੋਸ਼ਿਤ ਨਤੀਜ਼ਾ, ਅੰਤਿਮ ਨਤੀਜਾ ਹੋਵੇਗਾ।
5. ਮੁੜ ਮੁਲਾਂਕਣ(Re-evaluation) ਦੌਰਾਨ ਜੇਕਰ ਕਿਸੇ ਪ੍ਰੀਖਿਆਰਥੀ ਦੇ ਨੰਬਰ ਵੱਧਦੇ ਹਨ ਤਾਂ ਬੋਰਡ ਵੱਲੋਂ ਜਾਰੀ ਕੀਤੀ ਮੈਰਿਟ ਸੂਚੀ ਵਿੱਚ ਉਸਨੂੰ ਜੁਆਇੰਟ ਮੈਰਿਟ ਤੇ ਅਟੈਚ ਕੀਤਾ ਜਾਵੇਗਾ। ਇਸ ਤਰਾਂ ਕਰਨ ਨਾਲ ਮੁੱਢਲੀ ਮੈਰਿਟ ਸੂਚੀ ਪ੍ਰਭਾਵਿਤ ਨਹੀਂ ਹੋਵੇਗੀ।
6. ਮੁੜ ਮੁਲਾਂਕਣ (Re-evaluation) ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈੱਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਅੰਕਾਂ ਵਿੱਚ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਪਰੀਖਿਆ ਸ਼ਾਖਾ ਵੱਲੋਂ ਕੀਤੀ ਜਾਵੇਗੀ ਅਤੇ ਪਰੀਖਿਆਰਥੀ ਨੂੰ ਸਬੰਧਤ ਪਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਸਰਟੀਫਿਕੇਟ ਜਮ੍ਹਾਂ ਕਰਵਾ ਕੇ ਨਵਾਂ ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਇਸ ਲਈ ਅਸਲ ਸਰਟੀਫਿਕੇਟ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਬੋਰਡ ਨੂੰ ਭੇਜਿਆ ਜਾਵੇ।
7. ਮੁੜ ਮੁਲਾਂਕਣ (Re-evaluation) ਦਾ ਫਾਰਮ ਭਰਨ ਦੀ ਮਿਤੀ 07-09-2026 ਤੋਂ 21-09-2026 ਤੱਕ।
8. ਮੁੜ ਮੁਲਾਂਕਣ (Re-evaluation) ਦੀ ਪ੍ਰਕ੍ਰਿਆ ਪੂਰੀ ਹੋਣ ਉਪਰੰਤ ਅੰਤਿਮ /ਬਣਦਾ ਨਤੀਜਾ ਬੋਰਡ ਦੀ ਵੈਬ-ਸਾਈਟ (www.pseb.ac.in) ਤੇ ਦੇਖਿਆ ਜਾ ਸਕਦਾ ਹੈ।

ਸਹਾਇਕ ਸਕੱਤਰ(ਕਾਰਜ ਸੰਚਾਲਨ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner